# 21
# ਸਹੂਲਤਾਂ ਮੁਹੱਈਆ ਕਰਵਾਉਂਣਾ

ਕਿਸੇ ਮੰਡਲੀ ਲਈ ਨਵੀਂ ਚਰਚ ਦੀ ਬਿਲਡਿੰਗ ਬਣਾਉਣਾ ਬਹੁਤ ਵੱਡੀ ਬਰਕਤ ਵੀ ਹੋ ਸਕਦੀ ਹੈ ਅਤੇ ਫੁੱਟ ਦਾ ਬਹੁਤ ਵੱਡਾ ਕਾਰਣ ਵੀ। ਇਸ ਲਈ ਪੈਸਾ ਇਕੱਠਾ ਕਰਨਾ ਇਕ ਬਹੁਤ ਵੱਡੀ ਆਰਥਿਕ ਚੁਣੌਤੀ ਸਾਬਤ ਹੋ ਸਕਦੀ ਹੈ। ਬਿਲਡਿੰਗਾਂ ਤੇ ਐਨਾ ਵਕਤ, ਪੈਸਾ ਅਤੇ ਤਾਕਤ ਲਗ ਸਕਦੀ ਹੈ ਕਿ ਮੰਡਲੀ ਕੋਲ ਗੁਆਚੇ ਹੋਇਆਂ ਨੂੰ ਭਾਲਣ ਅਤੇ ਉਨ੍ਹਾਂ ਦੇ ਛੁਟਕਾਰੇ ਦੇ ਆਪਣੇ ਮਿਸ਼ਨ ਨੂੰ ਪੂਰਾ ਕਰਨ ਲਈ ਬਹੁਤ ਘੱਟ ਬਚੇ ਜਾਂ ਹੋ ਸਕਦਾ ਹੈ ਕਿ ਬਚੇ ਹੀ ਨਾ। ਇਸ ਦੇ ਇਲਾਵਾ ਇਸ ਗੱਲ ਤੇ ਵੀ ਹਮੇਸ਼ਾ ਹੀ ਬਹਿਸ ਪੈਦਾ ਹੋ ਜਾਂਦੀ ਹੈ ਕਿ ਚਰਚ ਬਿਲਡਿੰਗ ਦੀ ਵਰਤੋਂ ਕਿਵੇਂ ਹੋਣੀ ਚਾਹੀਦੀ ਹੈ। ਇਨ੍ਹਾਂ ਤੱਥਾਂ ਤੋਂ ਇਹ ਸੁਝਾਅ ਮਿਲਦਾ ਹੈ ਕਿ ਕਲੀਸੀਆ ਦੇ ਆਗੂਆਂ ਨੂੰ ਚਰਚ ਬਿਲਡਿੰਗ ਤੋਂ ਪੈਦਾ ਹੋਣ ਵਾਲੇ ਸਵਾਲਾਂ ਦਾ ਜਵਾਬ ਦੇਣ ਲਈ ਤਿਆਰ ਰਹਿਣਾ ਚਾਹੀਦਾ ਹੈ।

## ''ਕੀ ਕਲੀਸੀਆ ਦੀ ਆਪਣੀ ਬਿਲਡਿੰਗ ਹੋਣੀ ਚਾਹੀਦੀ ਹੈ?''

ਇਕ ਸਵਾਲ ਜੋ ਸ਼ਾਇਦ ਨਹੀਂ ਪੁੱਛਿਆ ਜਾਵੇਗਾ, ਪਰ ਪੁੱਛਿਆ ਜਾਣਾ ਚਾਹੀਦਾ ਹੈ, ਉਹ ਇਹ ਹੈ ਕਿ ਕਲੀਸੀਆ ਦੀ ਆਪਣੀ ਬਿਲਡਿੰਗ ਹੋਣੀ ਚਾਹੀਦੀ ਹੈ ਜਾਂ ਨਹੀਂ। ਇਸ ਦੇ ਪੱਖ ਵਿਚ ਜਾਂ ਇਸ ਦੇ ਵਿਰੋਧ ਵਿਚ ਕਈ ਗੱਲਾਂ ਕਹੀਆਂ ਜਾ ਸਕਦੀਆਂ ਹਨ।

**ਬਿਲਡਿੰਗ ਹੋਣ ਦੇ ਨੁਕਸਾਨ**

ਇਕ ਪਾਸੇ ਤਾਂ ਕੁਝ ਹਦ ਤਕ ਚੰਗਾ ਹੈ ਕਿ ਮੰਡਲੀ ਬਿਲਡਿੰਗ ਵਿਚ ਆਪਣਾ ਸਮਾਂ ਅਤੇ ਪੈਸਾ ਨਾ ਲਾਵੇ। ਆਓ ਇਨ੍ਹਾਂ ਚਾਰ ਕਾਰਣਾਂ ਤੇ ਵਿਚਾਰ ਕਰਦੇ ਹਾਂ।

1. *ਚਰਚ ਬਿਲਡਿੰਗਾਂ ਜਾਂ ਗਿਰਜਿਆਂ ਦੀ ਲੋੜ ਨਹੀਂ ਹੈ।* ਬਾਈਬਲ ਇਹ ਮੰਗ ਨਹੀਂ ਕਰਦੀ ਹੈ ਕਿ ਹਰ ਮੰਡਲੀ ਨੂੰ ਆਪਣੀ ਬਿਲਡਿੰਗ ਬਣਾਵੇ ਜਾਂ ਉਸ ਕੋਲ ਆਪਣੀ ਬਿਲਡਿੰਗ ਹੋਣੀ ਹੀ ਚਾਹੀਦੀ ਹੈ। ਨਵੇਂ ਨੇਮ ਦੇ ਸਮਿਆਂ ਵਿਚ ਸਾਫ਼ ਤੌਰ ਤੇ ਮੰਡਲੀਆਂ ਵੱਖ-ਵੱਖ ਜਗ੍ਹਾ ਤੇ ਇਕੱਠੀਆਂ ਹੁੰਦੀਆਂ ਸਨ ਜੋ ਮੈਂਬਰਾਂ ਦੇ ਘਰ, ਕਿਸੇ ਦਾ ਘਰ ਜਾਂ ਕਿਰਾਏ ਦਾ ਮਕਾਨ ਵੀ ਹੋ ਸਕਦਾ ਸੀ। ਚਰਚ ਬਿਲਡਿੰਗ ਹੋਣ ਦਾ ਸਭ ਤੋਂ ਪਹਿਲਾ ਸਬੂਤ ਚੌਥੀ ਸਦੀ ਵਿਚ ਮਿਲਦਾ ਹੈ।[1]

2. *ਬਿਲਡਿੰਗਾਂ ਬਣਾਉਣ ਵਿਚ ਬਹੁਤ ਸਾਰਾ ਸਮਾਂ ਅਤੇ ਪੈਸਾ ਲਗ ਸਕਦਾ ਹੈ।* ਚਰਚ ਬਿਲਡਿੰਗਾਂ ਵਿਚ ਹਮੇਸ਼ਾ ਮੰਡਲੀ ਦਾ ਬਹੁਤ ਸਾਰਾ ਪੈਸਾ, ਸਮਾਂ ਅਤੇ ਧਿਆਨ ਲਗ ਜਾਂਦਾ ਹੈ।

ਜ਼ਿਆਦਾ ਸਮਾਂ ਬਿਜ਼ਨੈਸ ਮੀਟਿੰਗਾਂ ਅਤੇ ਚਰਚ ਬਿਲਡਿੰਗ ਨਾਲ ਜੁੜੀਆਂ ਗੱਲਾਂ ਤੇ ਚਰਚਾ ਕਰਨ ਲਈ ਸੱਦੀਆਂ ਗਈਆਂ ਐਲਡਰਾਂ ਦੀਆਂ ਮੀਟਿੰਗਾਂ ਵਿਚ ਅਤੇ ਇਹ ਸਹੂਲਤਾਂ ਕਾਇਮ ਰੱਖਣ ਲਈ ਲਗਦਾ ਹੈ ਕਿ ਕਿੰਨਾ ਸਮਾਂ ਅਤੇ ਪੈਸਾ (ਬਜਟ ਦਾ ਫ਼ੀਸਦੀ) ਇਹਦੇ ਲਈ ਰੱਖਿਆ ਜਾਵੇ। ਕਲੀਸੀਆ ਜੇ ਐਨਾ ਹੀ ਸਮਾਂ, ਪੈਸਾ ਅਤੇ ਧਿਆਨ ਦੇਸ਼ ਵਿਚ ਜਾਂ ਬਾਹਰ, ਰੂਹਾਂ ਬਚਾਉਣ ਲਈ ਲਾਵੇ ਤਾਂ ਸ਼ਾਇਦ ਇਸ ਨਾਲ ਬਹੁਤੇ ਲੋਕ ਬਚਾਏ ਜਾ ਸਕਦੇ ਹਨ। ਇਸ ਦੇ ਇਲਾਵਾ ਚਰਚ ਬਿਲਡਿੰਗਾਂ ਤੇ ਆਉਣ ਵਾਲੇ ਖਰਚ ਕਦੇ ਖਤਮ ਨਹੀਂ ਹੋਣਗੇ। ਕਲੀਸੀਆ ਦੇ ਵਧ ਜਾਣ ਤੇ, ਵੱਡੀ ਬਿਲਡਿੰਗ ਦੀ ਲੋੜ ਪੈਂਦੀ ਹੈ, ਅਤੇ ਫਿਰ ਉਸ ਤੋਂ ਵੱਡੀ ਬਿਲਡਿੰਗ ਦੀ, ਅਤੇ ਫਿਰ ਉਸ ਤੋਂ ਵੀ ਵੱਡੀ ਦੀ। ਇਸ ਦੌਰਾਨ ਇਸ ਬਿਲਡਿੰਗ ਨੂੰ ਬਣਾਉਣ ਵਿਚ ਬਜਟ ਦਾ ਬਹੁਤਾ ਹਿੱਸਾ ਖਰਚ ਹੋ ਜਾਂਦਾ ਹੈ, ਅਤੇ ਇਹ ਸਿਲਸਿਲਾ ਚਲਦਾ ਹੀ ਰਹਿੰਦਾ ਹੈ। ਕਦੇ-ਕਦੇ ਇਵੇਂ ਲਗਦਾ ਹੈ ਕਿ ਮੰਡਲੀ ਕੋਲ ਉਹ ਫ਼ੰਡ ਨਹੀਂ ਹੈ ਜਿਸ ਦੀ ਉਸ ਨੂੰ ਲੋੜ ਹੈ। ਮਿਸਾਲ ਦੇ ਤੌਰ ਤੇ, ਮਿਸ਼ਨ ਦੇ ਕੰਮ ਕਰਨ ਲਈ।

3. *ਮਾਲਕੀ ਕਾਰਗਰ ਨਹੀਂ ਹੈ।* ਘੱਟੋ-ਘੱਟ ਇਕ ਹਾਲਤ ਵਿਚ, ਚਰਚ ਬਿਲਡਿੰਗਾਂ ਦਾ ਓਨਾ ਫ਼ਾਇਦਾ ਨਹੀਂ ਮਿਲਦਾ ਜਿੰਨਾ ਉਨ੍ਹਾਂ ਤੇ ਧਨ ਅਤੇ ਪੈਸਾ ਲਾਇਆ ਜਾਂਦਾ ਹੈ। ਬਹੁਤੀਆਂ ਚਰਚ ਬਿਲਡਿੰਗਾਂ ਭਾਵ ਪ੍ਰਾਰਥਨਾ ਭਵਨਾਂ ਅਤੇ ਸਟੱਡੀ ਰੂਮਾਂ ਦਾ ਵੱਡਾ ਹਿੱਸਾ ਆਮ ਤੌਰ ਤੇ ਹਫ਼ਤੇ ਵਿਚ ਕੁਝ ਕੁ ਘੰਟੇ ਲਈ ਹੀ ਵਰਤੇ ਜਾਂਦੇ ਹਨ। ਭਲਾ ਕੋਈ ਵਪਾਰੀ ਐਨੀ ਘੱਟ ਵਰਤੋਂ ਲਈ ਐਨੇ ਵੱਡੇ ਭਵਨ ਬਣਾ ਸਕਦਾ ਹੈ?

4. ਕਲੀਸੀਆ ਦੇ ਵਧਣ ਲਈ ਚਰਚ ਬਿਲਡਿੰਗ ਜ਼ਰੂਰੀ ਨਹੀਂ ਹੈ। ਕੁਝ ਮੰਡਲੀਆਂ ਅਜਿਹੀਆਂ ਹੁੰਦੀਆਂ ਹਨ ਜੋ ਬਿਨਾਂ ਚਰਚ ਬਿਲਡਿੰਗ ਦੇ ਹੀ ਬਹੁਤ ਵਧੀਆਂ ਹਨ।

**ਬਿਲਡਿੰਗ ਹੋਣ ਦੇ ਫ਼ਾਇਦੇ**

ਦੂਜੇ ਪਾਸੇ, ਕਲੀਸੀਆ ਦੀ ਆਪਣੀ ਚਰਚ ਬਿਲਡਿੰਗ ਹੋਣ ਦੇ ਚੰਗੇ ਕਾਰਣ ਦਿੱਤੇ ਜਾ ਸਕਦੇ ਹਨ।

1. *ਚਰਚ ਬਿਲਡਿੰਗਾਂ ਹੋਣਾ ਪੁਰਾਣੀ ਰਵਾਇਤ ਹੈ।* ਸਾਡੇ ਯੁਗ ਵਿਚ ਕੁਝ ਇਲਾਕਿਆਂ ਵਿਚ ਬਹੁਤ ਘੱਟ ਕਲੀਸੀਆਵਾਂ ਜਾਂ ਧਾਰਮਿਕ ਜਮਾਤਾਂ ਹੋਣਗੀਆਂ ਜਿਨ੍ਹਾਂ ਦੇ ਆਪਣੇ ਪ੍ਰਾਰਥਨਾ ਭਵਨ ਨਾ ਹੋਣ। ਆਮ ਤੌਰ ਤੇ ਵਧਣ ਵਾਲੀਆਂ ਅਤੇ ਨਾ ਵਧਣ ਵਾਲੀਆਂ ਸਭ ਕਲੀਸੀਆਵਾਂ ਦੀ ਆਪੋ ਆਪਣੀਆਂ ਬਿਲਡਿੰਗਾਂ ਹਨ।

2. *ਬਿਲਡਿੰਗਾਂ ਦੀ ਵਰਤੋਂ ਚੰਗੀ ਤਰ੍ਹਾਂ ਕੀਤੀ ਜਾ ਸਕਦੀ ਹੈ।* ਯੋਗ ਵਰਤੋਂ ਨਾ ਹੋਣ ਦੇ ਅਧਾਰ ਤੇ ਬਿਲਡਿੰਗ ਹੋਣ ਤੇ ਇਤਰਾਜ਼ ਕਰਨ ਨੂੰ ਕੁਝ ਹੱਦ ਤਕ ਅਜਿਹੀ ਬਿਲਡਿੰਗ ਬਣਾ ਕੇ ਦੂਰ ਕੀਤਾ ਜਾ ਸਕਦਾ ਹੈ ਜੋ ਲੋੜ ਮੁਤਾਬਕ ਹੋਵੇ, ਉਨ੍ਹਾਂ ਦੀ ਸਹੀ ਵਰਤੋਂ ਕੀਤੀ ਜਾਵੇ ਅਤੇ ਕਲੀਸੀਆ ਦੇ ਮਕਸੱਦ ਨੂੰ ਪੂਰਾ ਕਰਨ ਲਈ ਬਣਾਈ ਗਈ ਹੋਵੇ, ਹਫ਼ਤੇ ਵਿਚ ਕਈ ਘੰਟੇ ਉਨ੍ਹਾਂ ਦੀ ਵਰਤੋਂ ਕੀਤੀ ਜਾ ਸਕੇ।

3. *ਆਪਣੀ ਬਿਲਡਿੰਗ ਹੋਣ ਨਾਲ ਕਲੀਸੀਆ ਦੇ ਲੋਕਾਂ ਨੂੰ ਮਿਲੇ ਤੋੜਿਆਂ ਦੀ ਵਰਤੋਂ ਕਰਨ ਦਾ ਮੌਕਾ ਮਿਲ ਜਾਂਦਾ ਹੈ।* ਮੈਂਬਰਾਂ ਵੱਲੋਂ ਦਾਨ ਵਿਚ ਦਿੱਤਾ ਗਿਆ ਸਮਾਂ ਜੋ ਚਰਚ ਬਿਲਡਿੰਗ ਦੀ ਮੁਰੰਮਤ ਤੇ ਲੱਗਾ ਹੋਵੇ (ਉਦਾਹਰਣ ਲਈ, ਖਾਸ ਠਹਿਰਾਏ ਹੋਏ ਦਿਨਾਂ ਵਿਚ) ਜ਼ਰੂਰੀ ਨਹੀਂ ਕਿ ਉਸ ਦੀ ਵਰਤੋਂ ਪ੍ਰਤੱਖ ਤੌਰ ਤੇ ਖੁਸ਼ਖਬਰੀ ਦੇ ਪ੍ਰਚਾਰ ਤੇ ਕੀਤੀ ਜਾਣੀ ਹੋਵੇ।

ਬਹੁਤ ਸਾਰੇ ਮਸੀਹੀ ਲੋਕ ਮੰਨਦੇ ਹਨ ਕਿ ਉਹ ਬਿਲਡਿੰਗ ਬਣਾਉਣ ਦੇ ਕੰਮ ਵਿਚ ਯੋਗਤਾ ਦੇ ਅਨੁਸਾਰ ਲੱਕੜੀ, ਪਲੰਬਰ, ਇਲੈਕਟ੍ਰਿਸ਼ਨ ਆਦਿ ਦਾ ਕੰਮ ਕਰ ਸਕਦੇ ਹਨ ਪਰ ਉਹ ਇੰਜੀਲ ਦੇ ਪ੍ਰਚਾਰ ਲਈ ਕੰਮ ਨਹੀਂ ਕਰ ਸਕਦੇ।

ਕਿਸੇ ਕਲੀਸੀਆ ਕੋਲ ਚਰਚ ਬਿਲਡਿੰਗ ਹੋਣੀ ਚਾਹੀਦੀ ਹੈ ਜਾਂ ਨਹੀਂ ਇਸ ਸਵਾਲ ਦਾ ਜਵਾਬ ਪੁੱਛੇ ਜਾਣ ਤੋਂ ਪਹਿਲਾਂ ਹੀ ਦਿੱਤੇ ਜਾਂਦੇ ਹਨ। ਮੈਂਬਰ ਅਜਿਹੀ ਮੰਡਲੀ ਦੀ ਹੋਂਦ ਬਾਰੇ ਸੋਚ ਹੀ ਨਹੀਂ ਸਕਦੇ ਜਿਸ ਕੋਲ ਆਪਣੀ ਜਾਂ ਕਿਰਾਏ ਦੀ ਬਿਲਡਿੰਗ ਨਾ ਹੋਵੇ।

## ‘‘ਕੀ ਕਲੀਸੀਆ ਨੂੰ ਬਿਲਡਿੰਗ ਬਣਾਉਣੀ ਚਾਹੀਦੀ ਹੈ? ਕਿੱਥੇ? ਇਸ ਦੀ ਕੀਮਤ ਕਿਵੇਂ ਦਿੱਤੀ ਜਾਵੇ?’’

ਚਰਚ ਬਿਲਡਿੰਗ ਦੇ ਛੋਟੀ ਲੱਗਣ ਤੇ ਕੁਝ ਸਵਾਲ ਉੱਠਣ ਲਗਦੇ ਹਨ। ਤਦ, ਕਲੀਸੀਆ ਦੇ ਆਗੂਆਂ ਨੂੰ ਇਸ ਗੱਲ ਦਾ ਫ਼ੈਸਲਾ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਨਵੀਂ ਬਿਲਡਿੰਗ ਬਣਾਉਣੀ ਚਾਹੀਦੀ ਹੈ ਜਾਂ ਨਹੀਂ, ਕਿੱਥੇ ਬਣਾਈ ਜਾਵੇ ਅਤੇ ਉਸ ਦਾ ਖਰਚ ਕਿਵੇਂ ਦਿੱਤਾ ਜਾਵੇ।

**‘‘ਬਣਾ ਲਈਏ?’’**

*ਹਾਲ ਦਾ ਇਤਿਹਾਸ ਸਾਨੂੰ ਕੀ ਦੱਸਦਾ ਹੈ?* 1960 ਦੇ ਦਹਾਕੇ ਦੌਰਾਨ ਭਾਈਆਂ ਵਿਚ ‘‘ਮਾਹਿਰ’’ ਵਧ ਰਹੀਆਂ ਕਲੀਸੀਆਵਾਂ ਨੂੰ ਸੁਝਾਅ ਦੇ ਰਹੇ ਸਨ ਕਿ ਜਦ ਉਨ੍ਹਾਂ ਦੇ ਭਵਨ 80 ਫ਼ੀਸਦੀ ਤਕ ਭਰਨ ਲੱਗ ਜਾਣ ਤਾਂ ਉਹ ਉਨ੍ਹਾਂ ਦੀ ਥਾਂ ਨਵੀਆਂ ਬਿਲਡਿੰਗਾਂ ਬਣਾ ਲੈਣ। ਅਜਿਹੀਆਂ ਗੱਲਾਂ ਕਹਈਆਂ ਜਾਂਦੀਆਂ ਹਨਃ ‘‘ਨਵੀਆਂ ਬਿਲਡਿੰਗਾਂ ਬਣਾ ਲਓ। ਇਸ ਤੇ ਆਉਣ ਵਾਲੇ ਖਰਚ ਲਈ ਕਰਜ਼ੇ ਦੀ ਫ਼ਿਕਰ ਨਾ ਕਰੋ। ਬੰਦਗੀ ਲਈ ਆਉਣ ਵਾਲੇ ਲੋਕਾਂ ਤੋਂ ਉਹ ਨਵੇਂ ਭਵਨ ਦੀ ਕੀਮਤ ਪੂਰੀ ਹੋ ਜਾਵੇਗੀ!’’

ਬਹੁਤੇ ਮਾਮਲਿਆਂ ਵਿਚ, ਇਹ ਸੁਝਾਅ ਮੰਨ ਲਿਆ ਗਿਆ, ਪਰ ਉਮੀਦ ਮੁਤਾਬਕ ਨਤੀਜੇ ਨਾ ਮਿਲੇ। ਆਮ ਤੌਰ ਤੇ ਇਹ ਹੋਣ ਲੱਗਾ ਕਿ ਜਿਸ ਕਲੀਸੀਆ ਦੀ ਬਿਲਡਿੰਗ ਵਿਚ 200 ਲੋਕਾਂ ਦੇ ਬੈਠਣ ਦੀ ਥਾਂ ਹੁੰਦੀ ਸੀ ਅਤੇ ਉਸ ਵਿਚ ਔਸਤ 170 ਲੋਕ ਆਉਂਦੇ ਸਨ, ਉਨ੍ਹਾਂ 500 ਲੋਕਾਂ ਦੇ ਬੈਠਣ ਯੋਗ ਬਿਲਡਿੰਗ ਬਣਾ ਲਈ। ਫਿਰ ਉਹ ਗੱਲ ਕਿ ਨਵੀਂ ਬਿਲਡਿੰਗ ਨਾਲ ਨਵੇਂ ਮੈਂਬਰ ਆਉਣਗੇ ਕੰਮ ਨਾ ਆਈ। ਨਤੀਜੇ ਵਜੋਂ 200 ਮੈਂਬਰਾਂ ਵਾਲੀ ਮੰਡਲੀ ਦਸ ਸਾਲਾਂ ਬਾਅਦ 500 ਲੋਕਾਂ ਲਈ ਬਣਾਈ ਗਈ ਬਿਲਡਿੰਗ ਵਿਚ ਬੈਠਣ ਲੱਗੀ ਅਤੇ ਰਕਮ ਨਾ ਮੋੜ ਸਕਣ ਕਾਰਣ ਆਪਣੀ ਨਾਕਾਮੀ ਕਰਕੇ ਹਿੰਮਤ ਹਾਰ ਬੈਠੀ।

1960 ਦੇ ਦਹਾਕੇ ਦੌਰਾਨ ਵਿਚ ਕਲਸੀਆ ਦੇ ਵਧਣ ਦੀ ਸੰਭਾਵਨਾ ਅਤੇ ਜਿਸ ਨੂੰ ‘‘ਚਰਚ ਬਿਲਡਿੰਗ ਮੇਨੀਆ’’ ਜਾਂ ‘‘ਗਿਰਜੇ ਬਣਾਉਣ ਦਾ ਜਨੂਨ’’ ਕਿਹਾ ਜਾ ਸਕਦਾ ਹੈ, ਹੋਣ ਕਰਕੇ ਪੂਰੇ ਅਮਰੀਕਾ ਦੇ ਬਹੁਤ ਸਾਰੇ ਸ਼ਹਿਰਾਂ ਵਿਚ 600 ਤੋਂ 900 ਲੋਕਾਂ ਦੇ ਬੈਠਣ ਲਈ ਬਣਾਏ ਗਿਰਜਿਆਂ ਵਿਚ ਹੁਣ 150 ਤੋਂ 300 ਲੋਕ ਬੈਠਦੇ ਹਨ।[2] ਇਸ ਤੱਥ ਦੇ ਦੋਹਰੇ ਨਤੀਜੇ ਹਨਃ (1) *ਕਲੀਸੀਆਵਾਂ ਤੇ ਕਰਜ਼ੇ ਦਾ ਬਹੁਤ ਬੋਝ ਪੈ ਗਿਆ। ਕ੍ਰਿਸਚਿਅਨ ਕ੍ਰੌਨੀਕਲ* ਨੇ ਬਹੁਤ ਸਾਰੀਆਂ ਕਲੀਸੀਆਵਾਂ ਨੂੰ ਪੇਸ਼ ਆਉਣ ਵਾਲੇ ਕਰਜ਼ ਦੀ ਦਿੱਕਤ ਤੇ ਲੇਖਾਂ ਦੀ ਇਕ ਲੜੀ[3] ਲਿਖੀ ਕਿਉਂਕਿ ਬੰਦਗੀ ਲਈ ਇਕੱਠੇ ਹੋਣ ਦਾ ਥਾਂ ਬਣਾਉਣ ਬਾਰੇ ਨਾਸਮਝੀ ਨਾਲ

ਲਏ ਗਏ ਫ਼ੈਸਲੇ ਕਰਕੇ ਕਰਜ਼ਾ ਵਧ ਗਿਆ ਸੀ। (2) *ਮੰਡਲੀਆਂ ਨੂੰ ਨਾਉਮੀਦੀ ਦਾ ਸਾਹਮਣਾ ਕਰਨਾ ਪਿਆ।* ਐਤਵਾਰ ਦੀ ਸਵੇਰ ਗਿਰਜੇ ਦਾ ਇਕ ਹਿੱਸਾ ਭਰਿਆ ਵੇਖਣ ਅਤੇ ਭਵਨ ਦੇ ਹੋਰ ਖਰਚੇ ਦੇਣ ਲਈ ਇੰਜੀਲ ਦੇ ਪ੍ਰਚਾਰ ਦੇ ਪ੍ਰੋਗਰਾਮਾਂ ਵਿਚ ਕਟੌਤੀ ਕਰਨੀ ਪਈ। ਮਨੋਵਿਗਿਆਨਿਕ ਕੀਮਤ ਦਾ ਹਿਸਾਬ ਨਹੀਂ ਲਾਇਆ ਜਾ ਸਕਦਾ, ਪਰ ਹੋ ਸਕੇ ਤਾਂ ਇਸ ਨਾਲ ਕਲੀਸੀਆ ਵਿਚ ਹੋਰ ਬਹੁਤ ਸਾਰੀਆਂ ਬੁਰਾਈਆਂ ਵਧਦੀਆਂ ਹਨ।

ਸਾਫ਼ ਕਹੀਏ ਤਾਂ ਪਿਛਲੀ ਨਜ਼ਰ ਪਿੱਛੇ ਵੱਲ ਦੇਖਣ ਦੂਰ ਦੀ ਨਜ਼ਰ ਨਾਲੋਂ ਚੰਗਾ ਹੁੰਦਾ ਹੈ। ਹੋ ਸਕਦਾ ਹੈ ਕਿ ਇਹ ਦੇਖਣਾ ਕਿ 1970 ਤੋਂ ਪਹਿਲਾਂ ਦੇ ਜ਼ਿਆਦਾਤਰ ਵਾਧੇ ਦਾ ਕਾਰਣ ''ਇਕਦਮ ਆਈ ਤੇਜੀ'' ਹੈ, ਅਤੇ ਉਹ ਤੇਜ਼ੀ ''ਖ਼ਤਮ'' ਹੋ ਜਾਵੇਗੀ, ਅਤੇ ਕਲੀਸੀਆ ਦਾ ਵਾਧਾ ਗਿਣਤੀ ਦੀਆਂ ਸੱਚਾਈਆਂ ਨਾਲ ਪ੍ਰਭਾਵਿਤ ਹੋਵੇਗਾ। ਇਹ ਯਾਦ ਰੱਖਣਾ ਤਸੱਲੀ ਦੇਣ ਵਾਲਾ ਹੋ ਸਕਦਾ ਹੈ ਕਿ ਬਹੁਤ ਜਗ੍ਹਾ ਸਕੂਲ ਦੀਆਂ ਬਿਲਡਿਗਾਂ ਪਹਿਲਾਂ ਵੱਡੀਆਂ ਬਣਾ ਲਈਆਂ ਜਾਂਦੀਆਂ ਹਨ ਅਤੇ ਬਾਅਦ ਵਿਚ ਉਨ੍ਹਾਂ ਬਿਲਡਿਗਾਂ ਨੂੰ ਵੇਚਣਾ ਪੈਂਦਾ ਹੈ। ਜੇ ਸਕੂਲ ਦੇ ਪ੍ਰਬੰਧ ਕਰਨ ਵਾਲਿਆਂ ਨੂੰ ਭਵਿੱਖ ਨਜ਼ਰ ਨਹੀਂ ਆਇਆ, ਤਾਂ ਸਾਨੂੰ ਐਲਡਰਾਂ ਤੋਂ ਇਹ ਉਮੀਦ ਕਰਨੀ ਚਾਹੀਦੀ ਹੈ? ਬਹੁਤ ਸਾਰੇ ਵੱਡੇ ਵੱਡੇ ਰੋਜ਼ਗਾਰ ਲਈ ਪਹਿਲਾਂ ਤੋਂ ਅਗਾਂਊ ਜਾਣਕਾਰੀ ਦੇਣ ਵਾਲੇ ਤਕਨੀਕੀ ਯੰਤਰਾਂ ਦੀ ਵਰਤੋਂ ਕਰਨ ਦੇ ਬਾਵਜੂਦ ਜੋ ਆਮ ਤੌਰ ਤੇ ਕਲੀਸੀਆਵਾਂ ਕੋਲ ਨਹੀਂ ਹੁੰਦੇ, ਵੀ ਗਲਤ ਫ਼ੈਸਲੇ ਲਏ ਜਾਂਦੇ ਹਨ।[4]

*ਅਸੀਂ ਕਿਵੇਂ ਫ਼ੈਸਲਾ ਲੈ ਸਕਦੇ ਹਾਂ?* ਕਿਸੇ ਨਵੇਂ ਭਵਨ ਦੇ ਫੈਸਲੇ ਬਾਰੇ ਕੀ ਆਖਿਆ ਜਾ ਸਕਦਾ ਹੈ? ਸਭ ਤੋਂ ਪਹਿਲਾਂ ਕਲੀਸੀਆ ਦੇ ਆਗੂਆਂ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਕਿਸੇ ਭਵਨ ਨੂੰ ਬਣਾਉਣ ਦਾ ਫੈਸਲਾ ਕਲੀਸੀਆ ਦਾ ਸਭ ਤੋਂ ਵੱਡਾ ਫੈਸਲਾ (ਮੈਂਬਰਾਂ ਦੇ ਮਨਾਂ ਵਿਚ) ਹੋ ਸਕਦਾ ਹੈ। ਇਸ ਲਈ ਉਨ੍ਹਾਂ ਨੂੰ ਇਹ ਫੈਸਲਾ ਲੈਣ ਤੋਂ ਪਹਿਲਾਂ ਕਿ ਬਿਲਡਿੰਗ ਬਣਾਈ ਜਾਵੇ ਜਾਂ ਨਹੀਂ ਮੈਂਬਰਾਂ ਨਾਲ ਬਹੁਤ ਦੇਰ ਤਕ ਵਿਚਾਰ ਵਟਾਂਦਰਾ ਕਰਦੇ ਹੋਏ ਉਨ੍ਹਾਂ ਦੀ ਸਲਾਹ ਲੈ ਕੇ ਮੈਂਬਰਾਂ ਵਿਚ ਸਭ ਦੀ ਸਲਾਹ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਇਸ ਦੇ ਇਲਾਵਾ, ਪ੍ਰਾਰਥਨਾ ਭਵਨ ਬਣਾਉਣ ਜਾਂ ਨਾ ਬਣਾਉਣ ਦਾ ਫੈਸਲਾ ਕਰਨ ਤੋਂ ਪਹਿਲਾਂ ਕਲੀਸੀਆ ਅੱਗੇ ਹੋਰ ਵੀ ਕਈ ਸਵਾਲ ਰੱਖੇ ਜਾਣੇ ਚਾਹੀਦੇ ਹਨ।

''*ਸਾਨੂੰ ਨਵੀਂ ਬਿਲਡਿੰਗ ਦੀ ਲੋੜ ਕਿਉਂ ਹੈ?*'' ਬੀਤੇ ਸਮੇਂ ਵਿਚ ਹੋ ਸਕਦਾ ਹੈ ਕਿ ਭਵਨ ਦੇ ਮਕਸਦ ਤੋਂ ਵੱਧ ਨਵੇਂ ਭਵਨ ਬਣਾਉਣ ਦਾ ਫੈਸਲਾ ਮੰਡਲੀ ਦੀ ਸ਼ਾਨ ਜਾਂ ਪ੍ਰਚਾਰਕ ਦੇ ਘੁਮੰਡ ਦੀ ਜ਼ਿਆਦਾ ਗੱਲ ਹੁੰਦੀ ਹੋਵੇ। ਨਵੀਂ ਬਿਲਡਿੰਗ ਨਾਲ ਕਲੀਸੀਆ ਨੂੰ ਆਪਣੇ ਮਕਸੱਦ, ਰੂਹਾਂ ਬਚਾਉਣ ਅਤੇ ਉਨ੍ਹਾਂ ਨੂੰ ਬਚਾ ਕੇ ਰੱਖਣ ਨੂੰ ਪੂਰਾ ਕਰਨ ਵਿਚ ਮਦਦ ਮਿਲੇਗੀ?

''*ਕੀ ਕੋਈ ਬਦਲ ਹੈ?*'' ਕਲੀਸੀਆ ਦੇ ਆਗੂਆਂ ਨੂੰ ਬਿਲਡਿੰਗ ਬਣਾਉਣ ਦੇ ਬਹੁਤੇ ਖਰਚ ਤੇ ਵਿਚਾਰ ਕਰਦਿਆਂ, ਲਗਦੀ ਵਾਹ ਹੋਰ ਢੰਗ ਲੱਭਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਕਈ ਬਦਲਾਂ ਤੇ ਵਿਚਾਰ ਕੀਤਾ ਜਾ ਸਕਦਾ ਹੈ: (1) ਕੀ ਪੁਰਾਣੀ ਬਿਲਡਿੰਗ ਨੂੰ ਮੁਰੰਮਤ ਕਰਕੇ ਅਤੇ/ਜਾਂ ਉਸ ਦਾ ਵਿਸਤਾਰ ਕਰਕੇ ਮੌਜੂਦਾ ਅਤੇ ਭਵਿੱਖ ਦੀਆਂ ਲੋੜਾਂ ਪੂਰੀਆਂ ਹੋ ਸਕਦੀਆਂ ਹਨ? (2) ਕੀ ਇੱਕੋ ਬਿਲਡਿੰਗ ਵਿਚ ਵਾਰੀ ਵਾਰੀ ਕਰਕੇ ਦੋ ਵਾਰ ਬੰਦਗੀ ਕੀਤੀ ਜਾ ਸਕਦੀ ਹੈ? ਕਲੀਸੀਆ ਦੇ ਬਹੁਤੇ ਲੋਕਾਂ ਨੂੰ ਇਹ ਸੰਭਾਵਨਾ ਨਾਪਸੰਦ ਹੋਵੇਗੀ, ਅਤੇ ਕਲੀਸੀਆ ਦੇ ਐਲਡਰਾਂ ਨੂੰ ਇਹ ਗੱਲ ਧਿਆਨ ਵਿਚ ਰੱਖਣੀ ਚਾਹੀਦੀ ਹੈ, ਪਰ ਇਹ ਹੋ ਸਕਦਾ ਹੈ ਕਿ ਉਨ੍ਹਾਂ

ਨੂੰ ਇਸ ਬਦਲ ਬਾਰੇ ਸਿਖਾਇਆ ਜਾਵੇ। (3) ਕੀ ਕਲੀਸੀਆ ਦਾ ਗੁਜ਼ਾਰਾ ਬਿਨਾ ਬਿਲਡਿੰਗ ਦੇ ਨਹੀਂ ਹੋ ਸਕਦਾ? ਕਲੀਸੀਆ ਦੇ ਬਹੁਤੇ ਲੋਕ ਕਹਿ ਸਕਦੇ ਹਨ, ''ਨਹੀਂ,'' ਪਰ ਕਈ ਮਾਮਲਿਆਂ ਵਿਚ ਇਵੇਂ ਹੋ ਸਕਦਾ ਹੈ।

''*ਕੀ ਅਸੀਂ ਮੰਨ ਸਕਦੇ ਹਾਂ ਕਿ ਪਿਛਲੇ ਵਾਧੇ ਦਾ ਅਰਥ ਲਾਜ਼ਮੀ ਤੌਰ ਤੇ ਇਹ ਹੈ ਕਿ ਕਲੀਸੀਆ ਭਵਿੱਖ ਵਿਚ ਵਧੇਗੀ?*'' ਅਸੀਂ ਪੱਕਾ ਨਹੀਂ ਕਹਿ ਸਕਦੇ ਕਿ ਨਵੀਂ ਬਿਲਡਿੰਗ ਦੇ ਬਣਨ ਨਾਲ ਬੰਦਗੀ ਵਿਚ ਲੋਕਾਂ ਦੀ ਹਾਜ਼ਰੀ ਵਧ ਜਾਵੇਗੀ! ਇਹ ਨਿਰਧਾਰਿਤ ਕਰਨ ਲਈ ਕਿ ਇਹ ਵਾਧਾ ਜਾਰੀ ਰਹੇਗਾ ਜਾਂ ਨਹੀਂ, ਕਲੀਸੀਆ ਅਤੇ ਸਮਾਜ ਵਿਚ ਭਵਿੱਖ ਵਿਚ ਹੋਣ ਵਾਲੇ ਤੱਥਾਂ ਦਾ ਪਤਾ ਲਾਉਣ ਲਈ ਖੋਜ ਹੋਣੀ ਚਾਹੀਦੀ ਹੈ: (1) ਕੀ ਕਲੀਸੀਆ ਨੇ ਉਨ੍ਹਾਂ ਤੱਥਾਂ ਕਰਕੇ ਤਰੱਕੀ ਕੀਤੀ ਹੈ ਜੋ ਭਵਿੱਖ ਵਿਚ ਨਹੀਂ ਹੋਣਗੇ। ਉਦਾਹਰਣ ਲਈ ਇਲਾਕੇ ਵਿਚ ਮਜ਼ਦੂਰੀ ਲਈ ਆਉਣ ਵਾਲੇ ਪ੍ਰਵਾਸੀਆਂ ਕਰਕੇ ਜੋ ਹੁਣ ਨਹੀਂ ਹੈ ਜਾਂ ਹੁਣ ਨਵੇਂ ਲੋਕਾਂ ਨੂੰ ਕੰਮ ਮਿਲਦਾ? (2) ਕੀ ਇਲਾਕੇ ਦੇ ਲੋਕ ਬੁੱਢੇ ਹੋ ਰਹੇ ਹਨ? ਕੀ ਨੌਜਵਾਨ ਲੋਕ ਨੌਕਰੀ ਦੀ ਤਲਾਸ਼ ਵਿਚ ਬਾਹਰ ਜਾ ਰਹੇ ਹਨ? (3) ਕਿਹੋ ਜਿਹੇ ਲੋਕ ਰਹਿੰਦੇ ਹਨ? ਕੀ ਕਲੀਸੀਆ ਅਜਿਹੇ ਇਲਾਕੇ ਵਿਚ ਹੈ ਜਿੱਥੇ ਨਵੇਂ ਘਰ ਬਣ ਰਹੇ ਹਨ? ਕੀ ਕਲੀਸੀਆ ਅਜਿਹੀ ਥਾਂ ਹੈ ਜੋ ਸ਼ਹਿਰ ਦੇ ਸੰਘਣੀ ਅਬਾਦੀ ਵਾਲੇ ਇਲਾਕੇ ਵਿਚ ਆ ਜਾਵੇਗੀ?

ਪ੍ਰਾਰਥਨਾ ਭਵਨ ਬਣਾਏ ਜਾਣ ਜਾਂ ਨਹੀਂ, ਕਿੰਨਾ ਪੈਸਾ ਖਰਚ ਕੀਤਾ ਜਾਵੇ, ਅਤੇ ਕੀ ਬਣਾਏ ਜਾਣ ਦਾ ਫ਼ੈਸਲਾ ਲੈਣ ਤੋਂ ਪਹਿਲਾਂ ਇਨ੍ਹਾਂ ਅਤੇ ਹੋਰ ਸਵਾਲਾਂ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ। ਜੇਮਸ ਨਿਕਸ ਨੇ ਸੁਝਾਅ ਦਿੱਤਾ ਹੈ, ''ਯੋਜਨਾ ਦੇ ਹੇਠਲੇ ਪਹਿਲੂ ਬਾਰੇ ਪੁੱਛੋ। ਅਸਲ ਸਵਾਲ ਜੋ ਪੁੱਛੇ ਜਾਣੇ ਚਾਹੀਦੇ ਹਨ, 'ਜੇ ਅਸੀਂ ਯੋਜਨਾ ਮੁਤਾਬਕ ਨਾ ਵਧੇ ਤਾਂ ਕੀ ਹੋਵੇਗਾ?'; 'ਜੇ ਪ੍ਰਚਾਰਕ ਛੱਡ ਕੇ ਚੱਲਿਆ ਜਾਵੇ:' 'ਇਹ ਮੰਡਲੀ ਕਿੰਨੀ ਮਜ਼ਬੂਤ ਹੈ?' ਮੰਡਲੀ ਦੀ ਹਾਜ਼ਰੀ ਅਤੇ ਚੰਦੇ ਦੇ ਰਿਕਾਰਡ ਦਾ ਧਿਆਨ ਨਾਲ ਅਧਿਐਨ ਕਰੋ।''[5]

''**ਬਿਲਡਿੰਗ ਕਿੱਥੇ ਬਣਾਈਏ?**''

ਜੇ ਗਿਰਜਾ ਬਣਾਉਣ ਦਾ ਫ਼ੈਸਲਾ ਲੈ ਲਿਆ ਜਾਂਦਾ ਹੈ, ਤਾਂ ਇਹ ਨਵੀਂ ਬਿਲਡਿੰਗ *ਕਿੱਥੇ* ਬਣਾਈ ਜਾਣੀ ਚਾਹੀਦੀ ਹੈ?

ਸਾਫ਼ ਹੈ ਕਿ ਸਭ ਤੋਂ ਵਧੀਆ ਥਾਂ ਮੁੱਖ ਸੜਕ ਜਾਂ ਰਾਹ ਤੇ ਹੋਵੇਗੀ ਜਿੱਥੋਂ ਆਮ ਲੋਕ ਅਸਾਨੀ ਨਾਲ ਹਾਈਵੇ ਤਕ ਪਹੁੰਚ ਸਕਣ, ਅਬਾਦੀ ਅਤੇ ਇਲਾਕਾ ਵਧ ਰਿਹਾ ਹੋਵੇ। (ਮੈਨੂੰ ਬਿਲਡਿੰਗ ਬਨਾਉਣ ਦੀਆਂ ਤਿੰਨ ਖਾਸ ਗੱਲਾਂ ਯਾਦ ਆਉਂਦੀਆਂ ਹਨ: ''ਲੋਕੇਸ਼ਨ। ਲੋਕੇਸ਼ਨ। ਲੋਕੇਸ਼ਨ।'') ਦਿੱਕਤ ਇਹ ਹੈ ਕਿ ਸਭ ਗੱਲਾਂ ਹਮੇਸ਼ਾ ਬਰਾਬਰ ਨਹੀਂ ਹੁੰਦੀਆਂ ਹਨ। ਕੀ ਕਿਸੇ ਕਲੀਸੀਆ ਨੂੰ ਆਪਣੇ ਇਕੱਠੇ ਹੋਣ ਦੀ ਥਾਂ ਘਟ ਰਹੇ ਗੁਆਂਢੀਆਂ ਤੋਂ ਕਿਤੇ ਹੋਰ ਥਾਂ ਤੇ ਲੈ ਜਾਣੀ ਚਾਹੀਦੀ ਹੈ ਕਿਉਂਕਿ ਇਸ ਦੇ ਬਹੁਤ ਸਾਰੇ ਮੈਂਬਰ ਉੱਥੋਂ ਚਲੇ ਗਏ ਹਨ? ਜੇ ਇਵੇਂ ਕੀਤਾ ਜਾਂਦਾ ਹੈ, ਤਾਂ ਉਨ੍ਹਾਂ ਗੁਆਂਢੀਆਂ ਦੀ ਸੇਵਾ ਕੋਈ ਨਹੀਂ ਕਰੇਗਾ ਖਾਸ ਕਰਕੇ ਕੀ ਉਨ੍ਹਾਂ ਲਈ ''ਜ਼ਿੰਦਗੀ ਦਾ ਪਾਣੀ'' ਕੋਈ ਨਹੀਂ ਦਏਗਾ? ਦੂਜੇ ਪਾਸੇ, ਕੀ ਕਿਸੇ ਕਲੀਸੀਆ ਨੂੰ ਆਪਣੇ ਬਹੁਤ ਸਾਰੇ ਵਿਸ਼ਵਾਸੀ ਮੈਂਬਰਾਂ ਦੇ ਬਹੁਤ ਦੂਰ ਹੋ ਜਾਣ ਦੇ ਬਾਵਜੂਦ ਆਪਣੀ ਬਿਲਡਿੰਗ ਨਵੀਂ ਥਾਂ ਲੈ ਜਾਣੀ ਚਾਹੀਦੀ ਹੈ, ਭਾਵੇਂ ਉਸ ਥਾਂ ਅਤੇ ਪੁਰਾਣੀ ਬਿਲਡਿੰਗ ਨਾਲ ਬਹੁਤ ਸਾਰੇ ਲੋਕਾਂ ਦਾ ਲਗਾਅ ਹੋ ਜਾਵੇ ਅਤੇ ਉਨ੍ਹਾਂ ਵਿੱਚੋਂ ਕਈਆਂ ਨੇ ਉਸ ਪੁਰਾਣੀ ਬਿਲਡਿੰਗ

ਦੇ ਨੇੜੇ ਹੋਣ ਕਰਕੇ ਉੱਥੇ ਹੀ ਰਹਿਣ ਦਾ ਫ਼ੈਸਲਾ ਕਰ ਲਿਆ ਹੋਵੇ?

ਕਲੀਸੀਆ ਨੂੰ ਬਿਲਡਿੰਗ ਬਣਾਉਣ ਲਈ ਸਭ ਤੋਂ ਵਧੀਆ ਥਾਂ ਦੇ ਤੌਰ ਤੇ ਚੁਣਨ ਲਈ ਵਧੇਰੇ ਜਜ਼ਬਾਤੀ ਸਵਾਲਾਂ ਤੇ ਵਿਚਾਰ ਕਰਨਾ ਚਾਹੀਦਾ ਹੈ। *ਕਲੀਸੀਆ ਦੇ ਆਗੂਆਂ ਨੂੰ ਆਪਣੇ ਵਿਚਾਰ ਦੇਣੇ ਚਾਹੀਦੇ ਹਨ ਕਿ ਗਿਰਜਾ ਕਿੱਥੇ ਬਣਾਇਆ ਜਾਵੇ।*

**''ਬਿਲਡਿੰਗ ਦਾ ਪੈਸਾ ਕਿਵੇਂ ਮੋੜਿਆ ਜਾਵੇਗਾ?''**

ਬਣਾਉਣ ਵੇਲੇ ਜ਼ਰੂਰੀ ਨਹੀਂ ਕਿ ਕਲੀਸੀਆ ਕੋਲ ਦੇਣ ਲਈ ਪੂਰਾ ਪੈਸਾ ਹੋਵੇ।[6] ਫਿਰ ਕਲੀਸੀਆ ਦੇ ਆਗੂਆਂ ਅੱਗੇ ਇਹ ਸਵਾਲ ਹੋਵੇਗਾ ਕਿ ਨਵੀਂ ਬਿਲਡਿੰਗ ਬਣਾਉਣ ਲਈ ਪੈਸਾ ਕਿੱਥੋਂ ਜਮ੍ਹਾ ਕੀਤਾ ਜਾਵੇ। ਇਸ ਸਬੰਧ ਵਿਚ ਉਨ੍ਹਾਂ ਲਈ ਯਾਦ ਰੱਖਣ ਵਾਲੀ ਸਭ ਤੋਂ ਜ਼ਰੂਰੀ ਗੱਲ ਇਹ ਹੈ ਕਿ ਉਹ (ਆਮ ਤੌਰ ਤੇ) ਮਾਲੀ ਮਾਮਲਿਆਂ ਵਿਚ ਮਾਹਿਰ ਨਹੀਂ ਹਨ। ਉਨ੍ਹਾਂ ਨੂੰ ਮਾਲੀ ਮਾਮਲਿਆਂ ਵਿਚ ਆਪਣੇ ਤੋਂ ਵਧੇਰੇ ਜਾਗਰੂਕ ਲੋਕਾਂ ਨਾਲ ਸਲਾਹ ਕਰਨੀ ਚਾਹੀਦੀ ਹੈ (ਜਿਸ ਦਾ ਅਰਥ ਇਹ ਹੈ ਕਿ ਉਨ੍ਹਾਂ ਨੂੰ ਉਨ੍ਹਾਂ ਤੋਂ ਵੀ ਸੁਝਾਅ ਲੈਣਾ ਚਾਹੀਦਾ ਹੈ ਜੋ ਉਸ ਬਿਲਡਿੰਗ ਨੂੰ ਬਣਾਉਣ ਲਈ ਪੈਸਾ ਨਹੀਂ ਲਾ ਰਹੇ)। *ਕ੍ਰਿਸਚਿਅਨ ਕ੍ਰੌਨੀਕਲ* ਵਿਚ ''ਸਟ੍ਰੇਟਜਿਸਟ ਗਿਵਜ਼ ਹਿੰਟਸ ਫ਼ਾਰ ਹੈੱਡ ਮੈਂਨਜਮੇਂਟ''[7] ਨਾਮਕ ਲੇਖ ਵਿਚ, ਜੇਮਸ ਨਿਕਸ ਨੇ ਸੁਝਾਅ ਦਿੱਤਾ,

> ੳ. ''ਮੰਡਲੀ ਦੇ ਬਾਹਰ ਤੋਂ ਲੋੜੀਂਦੀ ਕਾਨੂੰਨੀ ਅਤੇ ਆਰਥਿਕ ਸਲਾਹ ਲਓ। ਕਲੀਸੀਆ ਦੇ ਮੈਂਬਰਾਂ ਨੂੰ ਸਭ ਕਾਨੂੰਨੀ ਅਤੇ ਆਰਥਿਕ ਦਸਤਾਵੇਜ਼ਾਂ ਦੀ ਜਾਂਚ ਪੜਤਾਲ ਕਰ ਲੈਣੀ ਚਾਹੀਦੀ ਹੈ। ... ਸ਼ਾਹੂਕਾਰਾਂ ਜਾਂ ਉਧਾਰ ਦੇਣ ਵਾਲਿਆਂ ਦੀ ਸਲਾਹ ਲੈਣ ਤੋਂ ਬਚੋ ਜੋ ਤੁਹਾਥੋਂ ਹੋਰ ਪੈਸੇ ਕਮਾਉਣ ਦੇ ਚੱਕਰ 'ਚ ਕੋਈ ਗਲਤ ਸਲਾਹ ਦੇ ਸਕਦੇ ਹਨ।''
>
> ਅ. ''ਆਪਣੀ ਪੁਰਾਣੀ ਜਾਇਦਾਦ ਦੇ ਬਜ਼ਾਰ ਮੁੱਲ ਬਾਰੇ ਵਿਹਾਰਕ ਬਣੋ। ਮੁਲਾਂਕਣ ਘਟਦੇ ਵਧਦੇ ਰਹਿੰਦੇ ਹਨ। ਅਸਲ ਸਵਾਲ ਇਹ ਹੈ ਕਿ ਬਿਲਡਿੰਗ ਨੂੰ ਵੇਚਣ ਨਾਲ ਅਸਲ ਵਿਚ ਕਿੰਨਾ ਪੈਸਾ ਮਿਲੇਗਾ। ... ਪੁਰਾਣੀ ਥਾਂ ਵੇਚਣ ਤੋਂ ਪਹਿਲਾਂ ਨਵੀਂ ਥਾਂ ਲਈ ਕਰਜ਼ਾ ਲੈਣਾ ਜੋਖਿਮ ਭਰਿਆ ਕੰਮ ਹੈ। ...''
>
> ੲ. ''ਤੇਜ਼ੀ ਨਾਲ ਵਧਣ ਵਾਲੇ ਭੁਗਤਾਨ ਕਰਨ ਵਿਚ ਫਸਣ ਤੋਂ ਬੱਚੋ। ਬਾਅਦ ਵਿਚ ਦੇਣ ਵਾਲੇ ਭੁਗਤਾਨ ਪਹਿਲਾਂ ਤੋਂ ਅਸਾਨ ਲਗਦੇ ਹਨ ਪਰ ਅਸਲ ਵਿਚ ਉਸ ਨੂੰ ਪੂਰਾ ਕਰਨਾ ਬੜਾ ਔਖਾ ਹੁੰਦਾ ਹੈ।''
>
> ਸ. ''ਪ੍ਰੋਜੈਕਟ ਦੇ ਸਿਰ ਤੇ ਰਹੋ। ਆਗੂਆਂ ਨੂੰ ਧਨ ਸਬੰਧੀ ਸਭਾ ਰਾਹੀਂ ਖੋਜ ਤੋਂ ਆਪਣੇ ਆਪ ਨੂੰ ਵੱਖ ਨਹੀਂ ਕਰਨੀ ਚਾਹੀਦੀ। ਖਾਸ ਗੱਲਾਂ ਵਿਚ ਸਾਰਾ ਹਿਸਾਬ ਅਤੇ ਜਾਂਚ ਪੜਤਾਲ ਕਰਨ ਦਾ ਇੱਕੋ ਢੰਗ ਠਹਿਰਾ ਲਓ ਅਤੇ ਹਾਂ ਨਾਂਹ ਕਰਨ ਦਾ ਫ਼ੈਸਲਾ ਲਓ। ਜੇ ਪੜਤਾਲ ਦੇ ਢੰਗ ਤੋਂ ਪਤਾ ਲਗਦਾ ਹੈ ਕਿ ਇਸ ਪ੍ਰੋਜੈਕਟ ਵਿਚ ਕੰਮ ਕਰਨਾ ਲਾਹੇਵੰਦ ਨਹੀਂ ਹੈ ਤਾਂ ਉਸ ਨੂੰ ਬੰਦ ਕਰਨ ਲਈ ਤਿਆਰ ਰਹੋ। ...''
>
> ਹ. ''ਨਵੀਂ ਬਿਲਡਿੰਗ ਦਾ ਖਰਚ ਪੂਰਾ ਕਰਨ ਜਾਂ ਪੁਰਾਣਾ ਕਰਜ਼ਾ ਲਾਹੁਣ ਦੇ ਢੰਗਾਂ ਤੇ ਵਿਚਾਰ ਕਰੋ।''

## ''ਕਿਹੋ ਜਿਹੀ ਬਿਲਡਿੰਗ ਬਣਾਈ ਜਾਵੇ?''

ਕਲੀਸੀਆ ਦੇ ਆਗੂਆਂ ਨੂੰ ਇਹ ਵੀ ਪੁੱਛਣਾ ਚਾਹੀਦਾ ਹੈ ਕਿ ਬਿਲਡਿੰਗ ਕਿਹੋ ਜਿਹੀ ਬਣਾਈ ਜਾਵੇ। ਬੀਤੇ ਸਮੇਂ ਵਿਚ ਇਸ ਸਵਾਲ ਤੇ ਬਹੁਤ ਘੱਟ ਧਿਆਨ ਦਿੱਤਾ ਗਿਆ ਹੈ। ਬਹੁਤ ਸਾਰੀਆਂ ਚਰਚ ਬਿਲਡਿੰਗਾਂ ਵਿਚ ਵੱਡੇ ਵੱਡੇ ਆਡੀਟੋਰੀਅਮ ਬਣਾਏ ਗਏ, ਪਰ ਹੋਰ ਕਿਸੇ ਵੀ ਗੱਲ ਤੇ ਐਨਾ ਧਿਆਨ ਨਹੀਂ ਦਿੱਤਾ ਗਿਆ। ਬਾਹਰੋਂ, ਇਵੇਂ ਲਗਦਾ ਹੈ ਜਿਵੇਂ ਉਹ ਬਿਲਡਿੰਗਾਂ, ਜਿਵੇਂ ਮੈਂ ਕਿਸੇ ਤੋਂ ਸੁਣਿਆ ਸੀ, ਭਵਨ ਨਿਰਮਾਣ ਦੀ ''ਪੁਰਾਣੀ ਬਹੁਮੁਖੀ'' ਸ਼ੈਲੀ ਹੋਵੇ।

ਬਿਲਡਿੰਗ ਬਣਾਉਣ ਵਿਚ ਘੱਟੋ-ਘੱਟ ਪੰਜ ਹੇਠ ਲਿਖੀਆਂ ਖਾਸ ਗੱਲਾਂ ਦਾ ਧਿਆਨ ਰੱਖਿਆ ਜਾਣਾ ਚਾਹੀਦਾ ਹੈ।

**ਗੁੰਜਾਇਸ਼**

ਸਾਫ਼ ਹੈ ਕਿ ਕਲੀਸੀਆ ਨੂੰ ਓਨੀ ਹੀ ਵੱਡੀ ਬਿਲਡਿੰਗ ਬਣਾਉਣੀ ਚਾਹੀਦੀ ਹੈ ਜਿੰਨੀ ਦਾ ਉਹ ਖਰਚਾ ਦੇ ਸਕਣ। ਹੋਰ ਖਰਚਿਆਂ ਤੇ ਵਿਚਾਰ ਕਰਨ ਨਾਲ ਬਿਲਡਿੰਗ ਤੇ ਘੱਟ ਖਰਚ ਕਰਨ ਬਾਰੇ ਸੋਚਿਆ ਜਾ ਸਕਦਾ ਹੈ। ਉਦਾਹਰਣ ਲਈ, ਆਗੂਆਂ ਨੂੰ ਭੰਡਾਰੀਪਣ ਤੇ ਵੀ ਵਿਚਾਰ ਕਰਨਾ ਚਾਹੀਦਾ ਹੈ, ਕਿ ''ਪ੍ਰਭੂ ਦੇ ਧਨ'' ਦੀ ਵਰਤੋਂ ਬੇਹਤਰੀਨ ਢੰਗ ਨਾਲ ਕਿਵੇਂ ਹੋ ਸਕਦੀ ਹੈ।[8] ਉਨ੍ਹਾਂ ਨੂੰ ਪੂਰੀ ਦੁਨੀਆ ਵਿਚ ਇੰਜੀਲ ਲਿਜਾਣ ਦੀ ਜ਼ਿੰਮੇਵਾਰੀ ਤੇ ਵੀ ਵਿਚਾਰ ਕਰਨਾ ਚਾਹੀਦਾ ਹੈ। ਮੰਡਲੀ ਆਪਣੀ ਗੁੰਜਾਇਸ਼ ਤੋਂ ਘੱਟ ਪੈਸਾ ਖਰਚ ਸਕਦੀ ਹੈ ਤਾਂ ਜੋ ਉਹ ਮਿਸ਼ਨ ਦੇ ਕੰਮ ਤੇ ਹੋਰ ਪੈਸਾ ਲਾ ਸਕੇ।

**ਅਕਾਰ**

ਆਡੀਟੋਰੀਅਮ ਕਾਫ਼ੀ ਵੱਡਾ ਹੋਣਾ ਚਾਹੀਦਾ ਹੈ, ਅਤੇ ਕਲਾਸ ਰੂਮਾਂ ਵਿਚ ਓਨੇ ਕੁ ਲੋਕ ਆ ਜਾਣੇ ਚਾਹੀਦੇ ਹਨ ਜਿੰਨੇ ਆਡੀਟੋਰੀਅਮ ਵਿਚ ਆਉਂਦੇ ਹਨ। ਇਸ ਦੇ ਇਲਾਵਾ ਗੋਦਾਮ, ਦਫ਼ਤਰ ਆਦਿ ਲਈ ਕਾਫ਼ੀ ਥਾਂ ਹੋਣੀ ਚਾਹੀਦੀ ਹੈ।

ਇਰਾ ਨਾਰਥ ਨੇ ਆਪਣੀ ਕਿਤਾਬ *ਬੈਲੇਂਸ* ਵਿਚ ਵਧੀਆ ਸੁਝਾਅ ਦਿੱਤਾ ਹੈ। ਉਸ ਨੇ ਸੁਝਾਅ ਦਿੱਤਾ ਹੈ ਕਿ ਕਲੀਸੀਆ ਨੂੰ ਨਵੀਂ ਬਿਲਡਿੰਗ ਤਦ ਤਕ ਨਹੀਂ ਬਣਾਉਣੀ ਚਾਹੀਦੀ ਜਦ ਤਕ ਉਸ ਵਿਚ ਐਨੇ ਲੋਕ ਨਾ ਹੋਣ ਕਿ ਇਹ ਹਫ਼ਤੇ ਦੇ ਪਹਿਲੇ ਦਿਨ ਪੂਰੀ ਤਰ੍ਹਾਂ ਨਾਲ ਭਰ ਜਾਵੇ। ਇਸ ਤਰ੍ਹਾਂ ਨਵੀਂ ਬਿਲਡਿੰਗ ਨਾਲ ਕਲੀਸੀਆ ਨੂੰ ਆਪਣੇ ਵਾਧੇ ਨੂੰ ਘੱਟ ਕਰਨ ਦੇ ਮਨੋਵਿਗਿਆਨਿਕ ਦਬਾਅ ਦੀ ਬਜਾਇ ਮਨੋਵਿਗਿਆਨਿਕ ਸ਼ਕਤੀ ਮਿਲਦੀ ਹੈ।[9]

**ਉਪਯੋਗਿਤਾ, ਵਿਹਾਰਕਤਾ ਜਾਂ ਫ਼ਾਇਦਾ**

ਬਿਲਡਿੰਗ ਇਸ ਤਰ੍ਹਾਂ ਬਣਾਈ ਜਾਣੀ ਚਾਹੀਦੀ ਹੈ ਕਿ ਇਸ ਦੇ ਟੀਚਿਆਂ ਦਾ ਪੂਰਾ ਲਾਭ ਲਿਆ ਜਾਵੇ। (1) ਉਦਾਹਰਣ ਲਈ, ਕਿਉਂਕਿ ਗੀਤ ਗਾਉਣਾ ਆਡੀਟੋਰੀਅਮ ਵਿਚ ਹੁੰਦਾ ਹੈ, ਇਸ ਲਈ ਇਸ ਦਾ ਡਿਜ਼ਾਈਨ ਮੰਡਲੀ ਦੇ ਗਾਉਣ ਨੂੰ ਅਸਾਨ ਬਣਾਉਣ ਲਈ ਹੈ, ਜਿਸ ਵਿਚ ਮੰਡਲੀ ਦੇ ਗਾਉਣ ਨੂੰ ਹੋਰ ਵਧੀਆ ਬਣਾਉਣ ਲਈ ਜੋ ਵੀ ਜ਼ਰੂਰੀ ਹੋਵੇ ਕੀਤਾ ਜਾਵੇ। (2) ਕਿਉਂਕਿ ਵਚਨ ਸੁਣਾਇਆ ਜਾਣਾ ਆਡੀਟੋਰੀਅਮ ਵਿਚ ਹੀ ਹੁੰਦਾ ਹੈ, ਇਸ ਲਈ ਇਸ ਨੂੰ ਇਸ ਤਰ੍ਹਾਂ ਤਿਆਰ ਕੀਤਾ ਜਾਣਾ ਚਾਹੀਦਾ ਹੈ ਜਿਸ ਨਾਲ ਪ੍ਰਚਾਰਕ ਵਿਜ਼ੁਅਲ ਏਡ ਦੀ ਵਰਤੋਂ

ਕਰ ਸਕਦਾ ਹੋਵੇ। (3) ਸਿੱਖਿਆ ਕਲਾਸ ਰੂਮਾਂ ਵਿਚ ਦਿੱਤੀ ਜਾਂਦੀ ਹੈ, ਇਸ ਲਈ ਉਨ੍ਹਾਂ ਕਮਰਿਆਂ ਨੂੰ ਸਿੱਖਿਆ ਦੇਣ ਯੋਗ ਬਣਾਇਆ ਜਾਣਾ ਚਾਹੀਦਾ ਹੈ। ਇਸ ਲਈ ਜੇ ਕੋਈ ਸਿੱਖਿਆ ਬਾਰੇ ਖਾਸ ਤੌਰ ਤੇ ਬਾਈਬਲ ਕਲਾਸਾਂ ਬਾਰੇ ਕੁਝ ਜਾਣਦਾ ਹੋਵੇ ਤਾਂ ਕਲਾਸ ਦੇ ਕਮਰੇ ਤਿਆਰ ਕਰਨ ਲਈ ਉਸ ਦੀ ਮਦਦ ਲੈਣੀ ਵਧੀਆ ਖਿਆਲ ਹੋਵੇਗਾ। (4) ਜੇ ਸਿੱਖਿਆ ਦੇਣ ਦਾ ਕੰਮ ਹਾਲ ਵਿਚ ਹੁੰਦਾ ਹੈ, ਤਾਂ ਬਿਲਡਿੰਗ ਇਵੇਂ ਬਣਾਈ ਜਾਣੀ ਚਾਹੀਦੀ ਹੈ ਜਿਸ ਨਾਲ ਹਾਲ ਨੂੰ ਅਸਾਨੀ ਨਾਲ ਬੰਦਗੀ ਦੀ ਥਾਂ ਤੋਂ ਕਲਾਸ ਦੇ ਕਮਰੇ ਵਿਚ ਬਦਲਿਆ ਜਾ ਸਕੇ। (5) ਜੇ ਕਲੀਸੀਆ ਖਾਣਾ ਮਿਲ ਕੇ ਖਾਂਦੀ ਹੈ ਤਾਂ ਬਿਲਡਿੰਗ ਅਜਿਹੀ ਹੋਣੀ ਚਾਹੀਦੀ ਹੈ ਕਿ ਜਿਸ ਵਿਚ ਸਭ ਲੋਕ ਅਰਾਮ ਨਾਲ ਬੈਠ ਕੇ ਖਾਣਾ ਖਾ ਸਕਣ (6) ਜੇ ਕਲੀਸੀਆ ਨੂੰ ਛੋਟੇ ਬੱਚਿਆਂ ਵਾਲੇ ਪਰਿਵਾਰਾਂ ਨੂੰ ਲਿਆਉਣ ਦੀ ਉਮੀਦ ਹੈ, ਤਾਂ ਅਜਿਹੇ ਪ੍ਰਬੰਧ ਹੋਣੇ ਚਾਹੀਦੇ ਹਨ ਜਿਨ੍ਹਾਂ ਨਾਲ ਉਨ੍ਹਾਂ ਨੂੰ ਬੱਚਿਆਂ ਦੀ ਸੰਭਾਲ ਕਰਨੀ ਅਸਾਨ ਹੋਵੇ। (7) ਜੇ ਇਕ ਦੂਜੇ ਤੋਂ ਮਿਲਣ ਨੂੰ ਉਤਸ਼ਾਹਿਤ ਕੀਤਾ ਜਾਣਾ ਹੈ, ਤਾਂ ਹਾਲ ਅਤੇ ਲੌਬੀ ਐਨੀ ਵੱਡੀ ਹੋਣੀ ਚਾਹੀਦੀ ਹੈ ਕਿ ਲੋਕ ਖਲੋ ਕੇ ਗੱਲਬਾਤ ਕਰ ਸਕਣ।

**ਖ਼ੂਬਸੂਰਤੀ**

ਉਪਯੋਗਿਤਾ ਜ਼ਰੂਰੀ ਹੈ, ਪਰ ਖ਼ੂਬਸੂਰਤੀ ਵੀ ਜ਼ਰੂਰੀ ਹੈ। ਥੋੜ੍ਹੇ ਸ਼ਬਦਾਂ ਵਿਚ ਕਹੀਏ ਤਾਂ ਬਿਲਡਿੰਗ ਐਨੀ ਗੰਦੀ ਨਹੀਂ ਹੋਣੀ ਚਾਹੀਦੀ ਹੈ ਕਿ ਖ਼ੁਦਾ ਨੂੰ ਪਸੰਦ ਹੀ ਨਾ ਆਵੇ। ਵਿਹਾਰਕ ਤੌਰ ਤੇ ਬਿਲਡਿੰਗ ਨੂੰ ਖ਼ੂਬਸੂਰਤ ਬਣਾਉਣ ਦੀ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ। ਬਿਲਡਿੰਗ ਬਾਹਰੋਂ ਖ਼ੂਬਸੂਰਤ ਅਤੇ ਕੁਦਰਤੀ ਲੱਗਣੀ ਚਾਹੀਦੀ ਹੈ। ਇਸ ਤਰ੍ਹਾਂ ਬਿਲਡਿੰਗ ਅੰਦਰੋਂ ਵੀ ਜਿੱਥੋਂ ਤਕ ਹੋਵੇ ਚੰਗੇ ਤਰੀਕੇ ਨਾਲ ਤਿਆਰ ਕੀਤੀ ਜਾਵੇ ਅਤੇ ਦਿਲਕਸ਼ ਹੋਣੀ ਚਾਹੀਦੀ ਹੈ। ਦਿਲਕਸ਼ ਤੋਂ ਭਾਵ ਸ਼ਾਇਦ ਇਹ ਹੈ ਕਿ ਕਲੀਸੀਆ ਦੇ ਆਗੂਆਂ ਦੇ ਇਲਾਵਾ ਕੋਈ ਹੋਰ ਬਿਲਡਿੰਗ ਲਈ ਰੰਗ ਆਦਿ ਦੀ ਚੋਣ ਕਰੇ। ਇਹ ਕੰਮ ਚੰਗੀ ਪਸੰਦ ਵਾਲੀ ਵਿਸ਼ਵਾਸੀ ਔਰਤ ਵਧੀਆ ਢੰਗ ਨਾਲ ਕਰ ਸਕਦੀ ਹੈ।

**ਸਮਾਜ ਨਾਲ ਮੇਲ ਖਾਂਦੀ**

ਬਿਲਡਿੰਗ ਆਪਣੇ ਸਮਾਜ ਲਈ ਯੋਗ ਹੋਣੀ ਚਾਹੀਦੀ ਹੈ। ਸ਼ਹਿਰ ਲਈ ਢੁਕਵੀਂ ਹੋਣ ਦਾ ਮਤਲਬ ਇਹ ਨਹੀਂ ਕਿ ਉਹ ਪਿੰਡ ਲਈ ਵੀ ਢੁਕਵੀਂ ਹੋਵੇਗੀ। ਸਭ ਤੋਂ ਅਹਿਮ ਗੱਲ ਹੈ ਕਿ ਜੋ ਅਮਰੀਕਾ ਵਿਚ ਢੁਕਵੀਂ ਹੈ, ਜ਼ਰੂਰੀ ਨਹੀਂ ਕਿ ਉਹ ਦੂਜੇ ਦੇਸ਼ਾਂ ਵਿਚ ਵੀ ਢੁਕਵੀਂ ਹੋਵੇ। ਮਿਸ਼ਨਰੀਆਂ ਨੂੰ ਦੂਜੇ ਦੇਸ਼ਾਂ ਵਿਚ ਅਮਰੀਕੀ ਬਿਲਡਿੰਗਾਂ ਦੀ ਨਕਲ ਕਰਨ ਵਿਚ ਚੌਕਸੀ ਵਰਤਣੀ ਚਾਹੀਦੀ ਹੈ।

## ''ਕਲੀਸੀਆ ਬਿਲਡਿੰਗ ਦੀ ਕਿਵੇਂ ਵਰਤੋਂ ਕਰੇਗੀ?''

ਇਹ ਸਵਾਲ ਵੀ ਉੱਠਦੇ ਹਨ ਕਿ ਕਲੀਸੀਆ ਉਸ ਬਿਲਡਿੰਗ ਜਾਂ ਗਿਰਜੇ ਦੀ ਵਰਤੋਂ ਕਿਵੇਂ ਕਰੇਗੀ ਅਤੇ ਉਸ ਦੀ ਦੇਖਭਾਲ ਕੌਣ ਕਰੇਗਾ। ਆਮ ਤੌਰ ਤੇ ਗਿਰਜੇ ਨੂੰ ਉਨ੍ਹਾਂ ਕੰਮਾਂ ਨੂੰ ਪੂਰਾ ਕਰਨ ਲਈ ਜੋ ਖ਼ੁਦਾ ਨੇ ਕਲੀਸੀਆ ਨੂੰ ਕਰਨ ਲਈ ਦਿੱਤਾ ਹੈ ਇਕ ਮਦਦਗਾਰ ਦੇ ਤੌਰ ਤੇ ਮੰਨਿਆ ਜਾਣਾ ਚਾਹੀਦਾ ਹੈ। ਉਹ ਇੰਜੀਲ ਦੇ ਪ੍ਰਚਾਰ, ਸੁਧਾਰ, ਪਰੋਪਕਾਰ, ਬੰਦਗੀ ਦੇ ਕੰਮ

ਹੋ ਸਕਦੇ ਹਨ। ਕਲੀਸੀਆ ਦੀਆਂ ਸਹੂਲਤਾਂ ਦੀ ਵਰਤੋਂ ਇਨ੍ਹਾਂ ਮਕਸੱਦਾਂ ਨੂੰ ਪੂਰਾ ਕਰਨ ਦੇ ਇਲਾਵਾ ਕਿਸੇ ਹੋਰ ਕੰਮ ਲਈ ਨਹੀਂ ਹੋਣੀ ਚਾਹੀਦੀ ਹੈ।

ਪਰ ਇਸ ਦਾ ਅਰਥ ਇਹ ਨਹੀਂ ਹੈ ਕਿ ਅਸੀਂ ਬਿਲਡਿੰਗ ਜਾਂ ਪ੍ਰਾਰਥਨਾ ਭਵਨ ਵਿਚ ਖਾਣਾ ਨਹੀਂ ਖਾ ਸਕਦੇ। ਖਾਣਾ ਆਪਣੇ ਆਪ ਵਿਚ ਮੰਜ਼ਿਲ ਨਹੀਂ ਹੈ; ਇਹ ਤਾਂ ਮੰਜ਼ਿਲ ਤਕ ਪਹੁੰਚਣ ਦਾ ਇਕ ਜ਼ਰ੍ਹੀਆ ਹੈ। ''ਖਾਣੇ ਦੀ ਸੰਗਤੀ'' ਦਾ ਮਕਸੱਦ ਸੁਧਾਰ (ਅਤੇ ਕਈ ਵਾਰ ਮੁਨਾਦੀ ਦਾ ਢੰਗ) ਹੈ।

ਚਰਚ ਬਿਲਡਿੰਗ ਜਾਂ ਪ੍ਰਾਰਥਨਾ ਭਵਨ ਦੀ ਵਰਤੋਂ ਬਾਰੇ ਹੋਰ ਕਈ ਮੁਸ਼ਕਿਲ ਸਵਾਲ ਹੋ ਸਕਦੇ ਹਨ। ਇਨ੍ਹਾਂ ਬਾਰੇ ਅਸੀਂ ਦੋ ਸੁਝਾਅ ਦੇ ਸਕਦੇ ਹਾਂ: (1) ਅਹਿਮ ਸਵਾਲ ਇਹੀ ਪੁੱਛਿਆ ਜਾਣਾ ਚਾਹੀਦਾ ਹੈ ਕਿ ''ਆਖਰੀ ਮਕਸੱਦ ਕੀ ਹੈ?'' ਜੇ ਕੀਤੇ ਜਾਣ ਵਾਲੇ ਕੰਮਾਂ ਦਾ ਕੋਈ ਰੂਹਾਨੀ ਮਕਸਦ ਨਹੀਂ ਹੈ ਜਾਂ ਇਹ ਕਲੀਸੀਆ ਨੂੰ ਦਿੱਤੇ ਖ਼ੁਦਾ ਦੇ ਕੰਮਾਂ ਵਿੱਚੋਂ ਕਿਸੇ ਨੂੰ ਪੂਰਾ ਕਰਨ ਵਿਚ ਮਦਦਗਾਰ ਨਹੀਂ ਹੈ, ਤਾਂ ਇਹ ਕੰਮ ਨਹੀਂ ਕੀਤਾ ਜਾਣਾ ਚਾਹੀਦਾ। (2) ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਚਰਚ ਬਿਲਡਿੰਗ ਆਪਣੇ ਆਪ ਵਿਚ ਜ਼ਰੂਰਤ ਨਹੀਂ ਬਲਕਿ ਜ਼ਰੂਰਤ ਨੂੰ ਪੂਰਾ ਕਰਨ ਲਈ ਇਕ ਜੁਗਤ ਹੈ। ਇਸ ਲਈ ਸਾਨੂੰ ਇਸ ਬਾਰੇ ਸਖ਼ਤ ਨਿਅਮ ਬਣਾਉਣ ਵਿਚ ਚੌਕਸੀ ਵਰਤਣ ਦੀ ਲੋੜ ਹੈ।

ਚਰਚ ਬਿਲਡਿੰਗ ਜਾਂ ਪ੍ਰਾਰਥਨਾ ਭਵਨ ਦੀ ਚੰਗੀ ਤਰ੍ਹਾਂ ਨਾਲ ਦੇਖਭਾਲ ਦੇ ਕਾਰਣਾਂ ਤੇ ਵੀ ਸਵਾਲ ਉੱਠ ਸਕਦੇ ਹਨ। ਉਦਾਹਰਣ ਲਈ ਕਿਸੇ ਨੂੰ ਲਗ ਸਕਦਾ ਹੈ ਕਿ ਭਵਨ ''ਪਵਿੱਤਰ'' ਹੈ ਕਿਉਂਕਿ ਇਹ ''ਪ੍ਰਭੂ ਦੇ ਧਨ'' ਨਾਲ ਖਰੀਦਿਆ ਗਿਆ ਹੈ, ਅਤੇ ਇਸ ਲਈ ਸਾਨੂੰ ''ਵੇਦੀ'' ਵਿਚ ਬੜੇ ਆਦਰ ਅਤੇ ਸ਼ਰਧਾ ਨਾਲ ਆਉਣਾ ਚਾਹੀਦਾ ਹੈ। ਸਾਨੂੰ ਅਜਿਹੀ ਸਿੱਖਿਆ ਦਾ ਵਿਰੋਧ ਕਰਨਾ ਚਾਹੀਦਾ ਹੈ। ''ਚਰਚ ਬਿਲਡਿੰਗ'' ''ਵੇਦੀ'' ਦੇ ਬਰਾਬਰ ਨਹੀਂ ਹੈ, ਨਾ ਹੀ ਇਹ ਤੰਬੂ ਜਾਂ ਹੈਕਲ ਦੇ ਬਰਾਬਰ ਹੈ। ਤੰਬੂ ਅਤੇ ਹੈਕਲ ਕਲੀਸੀਆ ਦਾ ਪਰਛਾਵਾਂ ਹੈ, ਨਾ ਕਿ ਗਿਰਜੇ ਦਾ। ਚਰਚ ਭਾਵ ਕਲੀਸੀਆ ਅਤੇ ਗਿਰਜੇ ਨੂੰ ਕਦੇ ਵੀ ਆਪਸ ਵਿਚ ਉਲਝਾਉਣਾ ਨਹੀਂ ਚਾਹੀਦਾ, ਕਿਉਂਕਿ ਚਰਚ ਲੋਕਾਂ ਨੂੰ ਕਿਹਾ ਗਿਆ ਹੈ, ਨਾ ਕਿ ਪੱਕੇ ਮਕਾਨ ਜਾਂ ਭਵਨ ਨੂੰ।

ਇਸ ਦੇ ਨਾਲ ਹੀ, ਚਰਚ ਬਿਲਡਿੰਗ ਦੀ ਰਖਵਾਲੀ ਦੇ ਚੰਗੇ ਕਾਰਣ ਵੀ ਹਨ। ਸਾਨੂੰ ਇਸ ਦੀ ਦੇਖਭਾਲ ਇਨ੍ਹਾਂ ਕਾਰਣਾਂ ਲਈ ਕਰਨੀ ਚਾਹੀਦੀ ਹੈ: (1) ਇਹ ਸਾਡੀ ਹੈ ਕਿਉਂਕਿ ਅਸੀਂ ਇਸ ਲਈ ਧਨ ਦੇ ਰਹੇ ਹਾਂ। (2) ਇਹ ਸਾਡੀ ਨਿੱਜੀ ਜਾਇਦਾਦ ਨਹੀਂ ਹੈ। ਇਕ ਅਰਥ ਵਿਚ ਇਹ ਸਾਂਝੀ ਹੈ ਅਤੇ ਸਾਨੂੰ ਸਭ ਨੂੰ ਸਾਂਝੀ ਜਾਇਦਾਦ ਦਾ ਧਿਆਨ ਰੱਖਣਾ ਚਾਹੀਦਾ ਹੈ। (3) ਬਿਲਡਿੰਗ ਵਿਖਾਈ ਦੇਣ ਨਾਲ ਮੰਡਲੀ ਨੂੰ ਆਪਣੀ ਸਕਰਾਤਮਕ ਫੋਟੋ ਬਣਾਉਣ ਵਿਚ ਮਦਦ ਮਿਲੇਗੀ ਅਤੇ ਬਾਹਰੋਂ ਆਉਣ ਵਾਲੇ ਮੁੜ ਦੁਬਾਰਾ ਆਉਣ ਵਿਚ ਉਤਸ਼ਾਹਿਤ ਹੋਣਗੇ।

## ਸਾਰ

ਯਕੀਨਨ ਹੀ ਜ਼ਰੂਰੀ ਨਹੀਂ ਕਿ ਨਵੀਂ ਬਿਲਡਿੰਗ ਬਣਾਉਣ ਵਾਲੀ ਹਰ ਕਲੀਸੀਆ ਨੂੰ ਵਾਧੇ ਜਾਂ ਆਰਥਿਕ ਦਿੱਕਤ ਦਾ ਸਾਹਮਣਾ ਕਰਨਾ ਪਿਆ ਹੀ ਹੋਵੇ। ਬਹੁਤ ਸਾਰੀ ਕਲੀਸੀਆਵਾਂ ਜੋ ਅੱਜ ਵਧ ਕਰ ਰਹੀਆਂ ਹਨ ਉਨ੍ਹਾਂ ਨੇ ਆਪਣੀ ਬਿਲਡਿੰਗ ''ਚਰਚ ਬਿਲਡਿੰਗ ਮੇਨੀਆ'' (ਗਿਰਜੇ ਬਣਾਉਣ ਦੇ ਜਨੂਨ) ਵੇਲੇ ਹੀ ਬਣਾਈ ਸੀ।

ਇਹ ਕਿਤੇ ਨਹੀਂ ਲਿਖਿਆ ਕਿ ਕਲੀਸੀਆਵਾਂ ਨੂੰ ਗਿਰਜੇ ਨਹੀਂ ਬਣਾਉਣੇ ਚਾਹੀਦੇ, ਪਰ

ਬਣਾਉਣ ਤੋਂ ਪਹਿਲਾਂ ਉਸ ਦੇ ਸਹੀ ਮਕਸੱਦ ਅਤੇ ਸਹੀ ਸਵਾਲਾਂ ਵਿਚ ਪੁੱਛਣਾ ਜ਼ਰੂਰੀ ਹੈ। ਬਣਾਉਣ ਦਾ ਫ਼ੈਸਲਾ ਲੈ ਲੈਣ ਦੇ ਬਾਅਦ ਕਲੀਸੀਆ ਦੇ ਆਗੂਆਂ ਨੂੰ ਚਾਹੀਦਾ ਹੈ ਕਿ ਉਹ ''ਇਸ ਨੂੰ ਛੇਤੀ ਬਣਾ ਲੈਣ।'' ਜਦ ਨਵੀਂ ਬਿਲਡਿੰਗ ਦੀ ਸਚਮੁਚ ਲੋੜ ਹੈ, ਉਸ ਨੂੰ ਚੰਗੀ ਤਰ੍ਹਾਂ ਤਿਆਰ ਕਰਕੇ ਅਤੇ ਸਹੀ ਤਰ੍ਹਾਂ ਨਾਲ ਵਰਤਿਆ ਜਾਵੇ ਤਾਂ ਇਹ ਕਲੀਸੀਆ ਨੂੰ ਖ਼ੁਦਾ ਦੇ ਦਿੱਤੇ ਕੰਮ ਨੂੰ ਪੂਰਾ ਕਰਨ ਵਿਚ ਮਦਦ ਲਈ ਇਹ ਜ਼ਬਰਦਸਤ ਹਥਿਆਰ ਹੋ ਸਕਦਾ ਹੈ।

## ਟਿੱਪਣੀਆਂ

[1]''ਕਾਨਸਟੈਂਟਾਈਨ ਦੇ ਕਾਲ ਤਕ ਦੁਆ ਲਈ ਖਾਸ ਤੌਰ ਤੇ ਬਣਾਏ ਗਏ ਪੱਕੇ ਮਕਾਨਾਂ ਜਾਂ ਗਿਰਜਿਆਂ ਦਾ ਪਤਾ ਨਹੀਂ ਲਗਦਾ ਹੈ। ਜੇ ਕੋਈ ਥਾਂ ਸੀ ਜਿੱਥੇ ਸਭਾ ਨੂੰ ਮਿਲਣ ਦੀ ਆਗਿਆ ਹੁੰਦੀ ਸੀ ਤਾਂ ਉਹ ਮਸੀਹੀ ਲੋਕਾਂ ਦੇ ਇਕੱਠ ਸਨ।'' ਐਵਰੱਟ ਫ਼ਰਗਿਊਸਨ, *ਅਰਲੀ ਕ੍ਰਿਸਚਿਅੰਜ਼ ਸਪੀਕ* (ਆਸਟਿਨ, ਟੈਕਸਸ: ਸਵੀਟ ਪਬਲਿਸ਼ਿੰਗ ਕੰ., 1971), 76. [2]ਇਰਾ ਨਾਰਥ ਨੇ ''ਓਵਰਬਿਲਟ ਐਂਡ ਅੰਡਰਯੂਜ਼ਡ,'' *ਬੈਲੇਂਸ* (ਨੈਸ਼ਵਿੱਲੇ, ਟੈਨਿੱਸੀ: ਗੌਸਪਲ ਐਡਵੋਕੇਟ ਕੰ., 1983), 41 ਵਿਚ ਇਸ ਮੁਸ਼ਕਿਲ ਵੱਲ ਧਿਆਨ ਦੁਆਇਆ। [3]ਜੋਏ ਮੈਕਮਿਲਨ ਐਂਡ ਆਰ. ਸਟਾਟ ਲੇਮਸਕਸ, ''*ਟੂ ਚਰਚਜ਼ ਸੇ ਇਟ ਵਾਜ਼ ਏ ਮਿਸਟੇਕ*,'' *ਕ੍ਰਿਸਚਿਅਨ ਕ੍ਰੌਨੀਕਲ* 45 (ਨਵੰਬਰ 1988): 1, 6. ''ਫ਼ਾਇਨੈਂਸ਼ਿਅਲ ਪੈਰਿਲਸ ਸੈਪ ਚਰਚ ਵਾਇਟੈਲਿਟੀ,'' *ਕ੍ਰਿਸਚਿਅਨ ਕ੍ਰੌਨੀਕਲ* 46 (ਜਨਵਰੀ 1989); 1, 6. ''ਚਰਚਜ਼ ਫ਼ਈਂਡ ਏ ਸਕਸੈੱਸਫ਼ੁੱਲ ਡੈੱਟ, ਮਿਨਿਸਟਰੀ ਬੈਲੇਂਸ,'' *ਕ੍ਰਿਸਚਿਅਨ ਕ੍ਰੌਨੀਕਲ* 46 (ਜਨਵਰੀ 1989): 1,6. [4]ਉਦਾਹਰਣ ਲਈ ਕੋਕਾ-ਕੋਲਾ ਕੰਪਨੀ ਨੇ ਸਿਰਫ਼ ਇਹ ਜਾਣਨ ਲਈ ਕਿ ਲੋਕਾਂ ਦੀ ਬਹੁਗਿਣਤੀ ''ਪੁਰਾਣੇ'' ਕੋਕ-ਨੂੰ ਪਸੰਦ ਕਰਦੀ ਹੈ, ਇਕ ਨਵਾਂ ਕੋਕ ਬਜ਼ਾਰ ਵਿਚ ਉਤਾਰਿਆ। ਸੋ ਪੁਰਾਣਾ ਕੋਕ ''ਕੋਕਾ-ਕੋਲਾ ਕਲਾਸਿਕ'' ਦੇ ਨਾਂਅ ਨਾਲ ਵਿਕਦਾ ਰਿਹਾ ਅਤੇ ਕੰਪਨੀ ''ਨਿਊ'' ਕੋਕ ਦੀ ਕੀਮਤ ਬਾਰੇ ਖਾਮੋਸ਼ ਹੈ ਜੇ ਇਹ ਅਜੇ ਵੀ ਵੇਚਿਆ ਜਾ ਰਿਹਾ ਹੈ। [5]ਜੋਏ ਐੱਲ. ਮੈਕਮਿਲਨ ਐਂਡ ਆਰ. ਸਟਾਟ ਲੇਮਸਕਸ, ''ਚਰਚਜ਼ ਫ਼ਾਈਂਡ ਸਕਸੈਸਫੁਲ ਡੈੱਟ, ਮਿਨਿਸਟਰੀ ਬੈਲੇਂਸ,'' *ਕ੍ਰਿਸਚਿਅਨ ਕ੍ਰੌਨੀਕਲ* 46 (ਮਾਰਚ 1989): 6 ਵਿਚ ਦੁਹਰਾਇਆ ਗਿਆ। [6]ਇਹੀ ਅਸੂਲ ਹੈ। ਇਸ ਉਮੀਦ ਨਾਲ ਕਿ ਨਵੀਂ ਬਿਲਡਿੰਗ ਬਨਾਉਣ ਲਈ ਪੈਸਾ ਦੇ ਸਕਣਗੇ, ਕਲੀਸੀਆਵਾਂ ਨੂੰ ਬਾਅਦ ਵਿਚ ਪਤਾ ਲਗਦਾ ਹੈ ਕਿ ਉਸ ਦੀ ਕੀਮਤ ਉਨ੍ਹਾਂ ਦੇ ਪੈਸੇ ਨਾਲੋਂ ਵਧ ਗਈ ਹੈ। ਪਰ ਇਸ ਦੇ ਅਪਵਾਦ ਹਨ। ਉਦਾਹਰਣ ਲਈ ਕੁਝ ਕਲੀਸੀਆਵਾਂ ਨੇ ਨਵੀਂ ਬਿਲਡਿੰਗ ਲਈ ਵੱਖਰਾ ਚੰਦਾ ਬਿਲਡਿੰਗ ਬਣਾਉਣ ਤੋਂ ਪਹਿਲਾਂ ਜਾਂ ਬਣਾਉਣ ਦੌਰਾਨ ਦੇ ਇਕਦਮ ਬਾਅਦ ਇਕੱਠਾ ਕਰ ਲਿਆ (ਜਾਂ ਇਹਦਾ ਬਹੁਤਾ ਹਿੱਸਾ ਚੁਕਾ ਦਿੱਤਾ)। [7]ਜੋਏ ਐੱਲ. ਮੈਕਮਿਲਨ ਐਂਡ ਆਰ. ਸਟਾਟ ਲੇਮਸਕਸ, ''ਚਰਚਜ਼ ਫ਼ਾਈਂਡ ਸਕਸੈੱਸਫੁਲ ਡੈੱਟ, ਮਿਨਿਸਟਰੀ ਬੈਲੇਂਸ,'' *ਕ੍ਰਿਸਚਿਅਨ ਕ੍ਰੌਨੀਕਲ* 46 (ਮਾਰਚ 1989): 6 ਵਿਚ ਦੁਹਰਾਇਆ ਗਿਆ। [8]ਉਨ੍ਹਾਂ ਨੂੰ ''ਅਸਰਫ਼ੀਆਂ ਲੁਟਾਉਣ ਦੀ ਕੋਲਿਆਂ ਤੇ ਮੋਹਰ'' ਲਾਉਣ ਵਾਲੇ ਭਾਗ ਇਸ ਤਰ੍ਹਾਂ ਦੇ ਖਰਚ ਕਰਨ ਤੋਂ ਬਚਣਾ ਚਾਹੀਦਾ ਹੈ ਜਿਸ ਨਾਲ ਉਨ੍ਹਾਂ ਤੇ ਬਾਅਦ ਵਿਚ ਮਾਲੀ ਬੋਝ ਵਧ ਜਾਵੇ। [9]ਨਾਰਥ, 42-44.